# ਮੁਖ ਪੁਛਗਿਛ ਹੋਟਲਾਇਨਸ / Major Enquiry Hotlines

## ਸਮਾਜ ਭਲਾਈ ਵਿਭਾਗ / Social Welfare Department

| | |
|---|---|
| ਹੋਟਲਾਇਨ / Hotline | 2343 2255 |
| ਫੈਕਸ ਨੰਬਰ / Fax | 2838 0114 |
| ਪੁਛਗਿਛ ਈਮੇਲ / Enquiry Email | swdenq@swd.gov.hk |
| ਹੋਮਪੇਜ / Homepage | http://www.swd.gov.hk |

## ਪਰਿਵਾਰਕ ਅਤੇ ਬਾਲ ਸੁਰੱਖਿਆ ਸੇਵਾਵਾਂ ਦੀ ਇਕਾਈਰ / Family and Child Protective Services Unit

| | |
|---|---|
| ਪਰਿਵਾਰਕ ਅਤੇ ਬਾਲ ਸੁਰੱਖਿਆ ਸੇਵਾਵਾਂ ਦੀ ਇਕਾਈ ( Central Western, Southern and Islands) Family and Child Protective Services Unit ( Central Western, Southern and Islands ) | 2835 2733 |
| ਪਰਿਵਾਰਕ ਅਤੇ ਬਾਲ ਸੁਰੱਖਿਆ ਸੇਵਾਵਾਂ ਦੀ ਇਕਾਈ (Eastern and Wanchai ) Family and Child Protective Services Unit ( Eastern and Wanchai ) | 2231 5859 |
| ਪਰਿਵਾਰਕ ਅਤੇ ਬਾਲ ਸੁਰੱਖਿਆ ਸੇਵਾਵਾਂ ਦੀ ਇਕਾਈ (Kwun Tong ) Family and Child Protective Services Unit ( Kwun Tong ) | 3586 3741 |
| ਪਰਿਵਾਰਕ ਅਤੇ ਬਾਲ ਸੁਰੱਖਿਆ ਸੇਵਾਵਾਂ ਦੀ ਇਕਾਈ ( Wong Tai Sin and Sai Kung ) Family and Child Protective Services Unit ( Wong Tai Sin and Sai Kung ) | 3188 3563 |
| ਪਰਿਵਾਰਕ ਅਤੇ ਬਾਲ ਸੁਰੱਖਿਆ ਸੇਵਾਵਾਂ ਦੀ ਇਕਾਈ ( Sham Shui Po ) Family and Child Protective Services Unit ( Sham Shui Po ) | 2247 5373 |
| ਪਰਿਵਾਰਕ ਅਤੇ ਬਾਲ ਸੁਰੱਖਿਆ ਸੇਵਾਵਾਂ ਦੀ ਇਕਾਈ ( Kowloon City and Yau Tsim Mong ) Family and Child Protective Services Unit ( Kowloon City and Yau Tsim Mong ) | 3583 3254 |
| ਪਰਿਵਾਰਕ ਅਤੇ ਬਾਲ ਸੁਰੱਖਿਆ ਸੇਵਾਵਾਂ ਦੀ ਇਕਾਈ ( Shatin ) Family and Child Protective Services Unit ( Shatin ) | 2158 6680 |
| ਪਰਿਵਾਰਕ ਅਤੇ ਬਾਲ ਸੁਰੱਖਿਆ ਸੇਵਾਵਾਂ ਦੀ ਇਕਾਈ ( Tai Po and North ) Family and Child Protective Services Unit ( Tai Po and North ) | 3183 9323 |
| ਪਰਿਵਾਰਕ ਅਤੇ ਬਾਲ ਸੁਰੱਖਿਆ ਸੇਵਾਵਾਂ ਦੀ ਇਕਾਈ (Tuen Mun ) Family and Child Protective Services Unit ( Tuen Mun ) | 2618 5710 |
| ਪਰਿਵਾਰਕ ਅਤੇ ਬਾਲ ਸੁਰੱਖਿਆ ਸੇਵਾਵਾਂ ਦੀ ਇਕਾਈ ( Tsuen Wan and Kwai Tsing ) Family and Child Protective Services Unit ( Tsuen Wan and Kwai Tsing ) | 2940 7350 |
| ਪਰਿਵਾਰਕ ਅਤੇ ਬਾਲ ਸੁਰੱਖਿਆ ਸੇਵਾਵਾਂ ਦੀ ਇਕਾਈ ( Yuen Long ) Family and Child Protective Services Unit ( Yuen Long ) | 2445 4224 |

## ਔਰਤਾਂ ਲਈ ਪਨਾਹ ਕੇਂਦਰ / Refuge Centres for Women

| | |
|---|---|
| ਵਾਈ ਆਨ ਹੋਮ ਫਾਰ ਵੂਮੈਨ / Wai On Home for Women | 8100 1155 |
| ਡਾਨ ਕੋਰਟ / Dawn Court | 8100 1155 |
| ਸਨਰਾਈਜ ਕੋਰਟ / Sunrise Court | 8100 1155 |
| ਸੇਰੇਨ ਕੋਰਟ / Serene Court | 2381 3311 |
| ਹਾਰਮਨੀ ਹਾਉਸ / Harmony House | 2522 0434 |

## ਸੰਕਟ ਸਹਾਇਤਾ ਕੇਂਦਰ / Crisis Support Centres

| | |
|---|---|
| CEASE ਸੰਕਟ ਕੇਂਦਰ ਹੋਟਲਾਇਨ / CEASE Crisis Centre Hotline | 18 281 |
| ਪਰਿਵਾਰਕ ਸੰਕਟ ਸਹਾਇਤਾ ਕੇਂਦਰ ਹਾਟਲਾਈਨ / Family Crisis Support Centre Hotline | 18 288 |

## ਹੋਰ / Others

| | |
|---|---|
| ਹਾਂਗਕਾਂਗ ਪੁਲਿਸ ਫੋਰਸ - ਐਮਰਜੈਂਸੀ ਹਾਟਲਾਈਨ / Hong Kong Police Force - Emergency Hotline | 999 |
| ਕਾਨੂੰਨੀ ਸਹਾਇਤਾ ਵਿਭਾਗ - ਹੌਟਲਾਈਨ / Legal Aid Department - Hotline | 2537 7677 |
| ਪੁਰਸ਼ਾਂ ਲਈ 24-ਘੰਟਿਆਂ ਦੀ ਪਰਿਵਾਰਕ ਅਤੇ ਨਜ਼ਦੀਕੀ ਸਹਿਭਾਗੀ ਸੰਬੰਧੀ ਹਾਟਲਾਈਨ / 24-hour Family and Intimate Partner Relationship Hotline for Men | 2890 1830 |
| ਹਾਰਮਨੀ ਹਾਉਸ – ਮਰਦ ਹੌਟਲਾਇਨ / Harmony House - MAN Hotline | 2295 1386 |

**ਬੱਚੇ ਨਾਲ ਬਦਸਲੂਕੀ, ਪਤੀ-ਪਤਨੀ / ਜੀਵਨਸਾਥੀ ਮਾਰਪੀਟ ਅਤੇ ਜਿਨਸੀ ਹਿੰਸਾ ਦੇ ਪੀੜਤਾਂ ਲਈ ਸਹਾਇਤਾ ਤੇ ਵੈੱਬਸਾਈਟ**
**Website on Support for Victims of Child Abuse, Spouse / Cohabitant Battering and Sexual Violence**

https://www.swd.gov.hk/vs/

ਜਨਵਰੀ 2021 • July 2021

ਜਾਣ ਪਛਾਣ • Introduction

## ਹਿੰਸਾ ਪਾਰਿਵਾਰਿਕ ਸਮਸਿਆਵਾਂ ਦਾ ਹਲ "ਕਦੇ ਭੀ ਨਹੀ" ਹੈ
## Violence is "NEVER" a solution to family problems

ਹਰ ਕੋਈ ਇੱਕ ਖੁਸ਼ਹਾਲ ਪਰਿਵਾਰ ਚਾਹੁੰਦਾ ਹੈ। ਫੇਰ ਭੀ, ਜਦੋਂ ਸਾਡੇ ਅੰਦਰ ਜੀਵਨ-ਨਿਰਵਾਹ ਦਾ ਜਾਂ ਮਾਨਸਿਕ ਤਣਾਅ ਅਤੇ ਚਿੰਤਾ ਦਾ ਪੱਧਰ ਵਧਦਾ ਜਾਂਦਾ ਹੈ, ਇਹ ਸੰਭਾਵਿਤ ਤੌਰ ਤੇ ਵਿਵਾਦਾਂ ਅਤੇ ਸਮੱਸਿਆਵਾਂ ਦੀਆਂ ਸਥਿਤੀਆਂ ਵਿਚ ਬਦਲ ਜਾਵੇਗਾ। ਹਾਲਾਂਕਿ, ਕਿਸੇ ਨੂੰ ਭੀ ਆਪਣੀ ਨਕਾਰਾਤਮਕ ਭਾਵਨਾਵਾਂ ਨੂੰ ਜ਼ਾਹਰ ਕਰਨ ਲਈ ਕਦੇ ਭੀ ਪਰਿਵਾਰ ਦੇ ਮੈਮ੍ਬਰਾਂ ਦੇ ਖਿਲਾਫ਼ ਹਿੰਸਾ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਘਰੇਲੂ ਹਿੰਸਾ ਸਮੱਸਿਆਵਾਂ ਦਾ ਕੋਈ ਭੀ ਹੱਲ ਤਾਂ ਨਹੀ ਕਰਦੀ ਹੈ, ਬਲਕਿ ਇਹ ਰਿਸ਼ਤੇ ਦੀਆਂ ਮੁਸ਼ਕਲਾਂ ਨੂੰ ਭੀ ਵਧਾਉਂਦੀ ਹੈ ਅਤੇ ਇੱਥੇ ਤੱਕ ਕਿ ਪੂਰੇ ਪਰਿਵਾਰ ਨੂੰ ਬਰਬਾਦ ਭੀ ਕਰਦੀ ਹੈ। ਤੁਹਾਡੇ ਬੱਚੇ ਭੀ ਹਿੰਸਕ ਬਰਤਾਵ ਦੀ ਨੱਕਲ ਕਰ ਸਕਦੇ ਹਨ ਅੱਤੇ ਭਵਿੱਖ ਵਿੱਚ ਅਪਰਾਧੀ ਬਣ ਸਕਦੇ ਹਨ।

Everybody wants to have a happy family. Yet, when the living or psychological stress and anxiety level keeps growing in us, it will likely turn into conflicts and problem situations. However, one should never use violence against family members to express his/her negative emotions. Domestic violence not only solve no problems, it also aggravates the relationship problems and even ruins the whole family. Your children may also imitate the violent behaviours and become perpetrators in the future.




## ਛੇਤੀ ਸਹਾਇਤਾ ਦੀ ਭਾਲ ਕਰੋ / Seek early assistance




ਖੁੱਲਾ ਸੰਚਾਰ, ਆਪਸੀ ਸਤਿਕਾਰ ਅਤੇ ਸਮਝਦਾਰੀ ਪਰਿਵਾਰਕ ਸਮੱਸਿਆਵਾਂ ਅਤੇ ਘਰੇਲੂ ਹਿੰਸਾ ਤੋਂ ਬਚਣ ਦੇ ਪਰ੍ਭਾਵਸ਼ਾਲੀ ਤਰੀਕੇ ਹਨ। ਜੇ ਤੁਸੀਂ ਅਤੇ ਤੁਹਾਡਾ ਜੀਵਨ ਸਾਥੀ, ਪਰਿਵਾਰਕ ਮੈਂਬਰ ਜਾਂ ਤੁਹਾਡੇ ਗੁਆਂਢੀ ਘਰੇਲੂ ਹਿੰਸਾ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹੋ, ਕਿਰਪਾ ਕਰਕੇ ਸਹਾਇਤਾ ਲਈ ਤੁਰੰਤ ਪੇਸ਼ੇਵਰਾਂ ਨਾਲ ਸੰਪਰਕ ਕਰੋ। ਸਮਾਜ ਸੇਵਕ ਦੀ ਸਹਾਇਤਾ ਪਾਉਨ ਲਈ ਤੁਸੀਂ ਪੁਲਿਸ ਨਾਲ, ਸਮਾਜ ਸੇਵਕਾਂ ਨਾਲ ਸੰਪਰਕ ਕਰੋ ਜਾਂ ਸਮਾਜ ਭਲਾਈ ਵਿਭਾਗ (SWD) ਦੀ ਹੋਟਲਾਇਨ <2343 2255> ਉੱਤੇ ਫੋਨ ਕਰ ਸਕਦੇ ਹੋ।

Open communication, mutual respect and understanding are effective ways to avoid family problems and domestic violence. If you and your spouse, family members or your neighbours are found to be facing the problems of domestic violence, please contact professionals for help immediately. You can contact police, your social workers or dial the Hotline 〈2343 2255〉 of Social Welfare Department (SWD) for seeking social worker's assistance.




ਹਾਂਗਕਾਂਗ ਵਿੱਚ SWD, ਗੈਰ-ਸਰਕਾਰੀ ਸੰਗਠਨ (NGOs), ਪੁਲਿਸ ਅਤੇ ਕਾਨੂਨੀ ਸਹਾਇਤਾ ਵਿਭਾਗ ਜਾਂ ਸਮਾਜ ਸੇਵਾ ਏਜੇਂਸਿਆਂ, ਆਦਿ ਦੁਆਰਾ ਪੀੜਤਾਂ (ਉਹਨਾਂ ਦੀ ਉਮਰ, ਲਿੰਗ, ਜਿਨਸੀ ਰੁਝਾਨ ਅੱਤੇ ਜਾਤਿ ਮਤਭੇਦ ਤੋਂ ਬਿਨਾ), ਦੋਸ਼ੀ ਅੱਤੇ / ਜਾਂ ਮਾਰਪੀਟ ਦੇ ਮਾਮਲੇਆਂ ਵਾਲੇ ਪਤਿ-ਪਤਨੀ /ਜੀਵਨਸਾਥੀ ਦੇ ਪਾਰਿਵਾਰਿਕ ਮੈਂਬਰਾਂ ਲਈ ਸੇਵਾਂਵਾਂ ਦੀ ਇੱਕ ਲੜੀ ਪਰ੍ਦਾਨ ਕਿੱਤੀ ਜਾਉਂਦੀ ਹੈ। ਜੇ ਤੁਸੀਂ ਪਤਿ-ਪਤਨੀ / ਜੀਵਨਸਾਥੀ ਦੁਆਰਾ ਮਾਰਪੀਟ ਦੇ ਮਾਮਲੇ ਦੇ ਪੀੜਤ ਹੋ, ਤਾਂ ਥੱਲੇ ਦੀਤੀ ਇਕਾਈਆਂ ਤੁਹਾਡੀ ਅੱਤੇ ਤੁਹਾਡੇ ਪਰਿਵਾਰ ਦੀ ਵਖਰੀ ਸੇਵਾਵਾਂ ਪਾਉਨ ਵਿੱਚ ਮਦਦ ਕਰਨਗਿਆਂ:

In Hong Kong, a series of services are provided by SWD, non-governmental organisations (NGOs), the Police and the Legal Aid Department or social services agencies, etc. to victims (regardless of their age, gender, sexual orientation and ethnicity, etc.), perpetrators and / or family members of spouse / cohabitant battering cases. If you are victim of spouse / cohabitant battering case, the following units will help you and your family with various services:

## ਸਹਾਇਤਾ ਸੇਵਾਵਾਂ / Support Services

### ਹੋਟਲਾਇਨ ਸੇਵਾਵਾਂ / Hotline Services

ਤੁਸੀ ਸੰਬੰਧਿਤ ਕਲਿਆਣਕਾਰੀ ਸੇਵਾਵਾਂ ਬਾਰੇ ਜਾਣਕਾਰੀ ਪਾਉਨ ਲਈ ਅਤੇ ਸਮੇਂ ਸਿਰ ਸਮਾਜ ਸੇਵਕਾਂ ਤੋਂ ਸਲਾਹ / ਸਹਾਇਤਾ ਪਰ੍ਾਪਤ ਕਰਨ ਲਈ SWD ਦੀ ਹੋਟਲਾਇਨ ਸੇਵਾ <2343 2255> ਦੀ ਵਰਤੋ ਕਰ ਸਕਦੇ ਹੋ। SWD ਹੋਟਲਾਇਨ 24-ਘੰਟੇ ਦੀ ਇੰਟਰਐਕ੍ਟਿਵ ਵੋਇਸ ਪਰ੍ਤੀਕਿਰ੍ਆ ਪਰ੍ਣਾਲੀ ਦੇ ਜਰਿਏ ਫੋਨ ਕਰਨ ਵਾਲੇਆਂ ਨੂੰ ਵੋਈਸ ਮੈਸੇਜ ਜਾਂ ਫੇਸਮਾਇਲ (ਫੈਕਸ) ਟਰ੍ਾਂਸਮੀਸ਼ਨ ਦੇ ਰੂਪ ਵਿੱਚ ਭਲਾਈ ਦੀ ਸੇਵਾਂਵਾਂ ਬਾਰੇ ਜਾਨਕਾਰੀ ਪਰ੍ਦਾਨ ਕਰਦੀ ਹੈ। ਮਸ਼ਵਰਾ, ਸਹਾਇਤਾ ਅਤੇ ਸਲਾਹ ਪਰ੍ਦਾਨ ਕਰਨ ਅਤੇ ਲੋੜਵੰਦੇ ਲੋਕਾਂ ਲਈ ਉਚਿਤ ਸਹਾਇਕ ਸੇਵਾਵਾਂ ਦਾ ਇੰਤਜ਼ਾਮ ਕਰਨ ਲਈ SWD ਹੋਟਲਾਇਨ ਉਤੇ ਸਮਾਜ ਸੇਵਕ ਸੋਮਵਾਰ ਤੋਂ ਸੁਕਰਵਾਰ ਸਵੇਰੇ 9:00 ਵਜੇ ਤੋਂ ਸ਼ਾਮੀ 5:00 ਵਜੇ ਤੱਕ, ਅੱਤੇ ਸ਼ਨੀਵਾਰ ਸਵੇਰੇ 9:00 ਵਜੇ ਤੋਂ ਦੁਪਹਿਰ 12:00 ਵਜੇ ਤਕ ਡਯੂਟੀ ਤੇ ਰਹਿੰਦੇ ਹਨ। ਉਪਰੋਕਤ ਡਯੂਟੀ ਘੰਟਿਆਂ ਤੋਂ ਬਾਹਰ (ਜਨਤਕ ਛੁੱਟੀਆਂ ਸਮੇਤ), ਕੱਲ ਕਰਨ ਵਾਲੇ ਸਮਾਜ ਸੇਵਕਾਂ ਤੋਂ ਸਹਾਇਤਾ ਲੇਨ ਲਈ ਤੁੰਗ ਵਾਹ ਗਰੁਪ ਔਫ ਹੋਸਪਿਟਲ ਦੁਆਰਾ ਸੰਚਾਲਿਤ ਹੌਟਲਾਈਨ ਅਤੇ ਆਉਟਰੀਚਿੰਗ ਸਰਵਿਸ ਟੀਮ ਨੂੰ ਆਪਣੀਆਂ ਕੱਲਾਂ ਦਾ ਟਰ੍ਾਂਸਫਰ ਕਰਨ ਦੀ ਚੋਣ ਕਰ ਸਕਦੇ ਹਨ। ਉਹ ਆਪਣਾ ਸੁਨੇਹਾ ਰਿਕਾਰਡਿੰਗ ਮਸ਼ੀਨ ਤੇ ਭੀ ਛੱਡ ਸਕਦੇ ਹਨ ਜਾਂ ਪੁਲਿਸ ਤੋਂ ਸਹਾਇਤਾ ਮੰਗ ਸਕਦੇ ਹਨ।

You can make use of SWD Hotline Service 〈2343 2255〉 to obtain information on related welfare services and timely advice / assistance from social workers. SWD Hotline provides information on welfare services in the form of voice messages or facsimile transmission to callers through a 24-hour interactive voice response system. SWD Hotline social workers are on duty from 9:00 am to 5:00 pm on Mondays to Fridays, and from 9:00 am to 12:00 noon on Saturdays to provide counselling, support and advice and arrange appropriate follow up services for those in-need. Outside the aforesaid duty hours (including public holidays), callers can choose to transfer their calls to the Hotline and Outreaching Service Team operated by Tung Wah Group of Hospitals for assistance from social workers. They may also leave their message on the recording machine or seek assistance from the police.

## ਪਰਿਵਾਰਕ ਅਤੇ ਬਾਲ ਸੁਰੱਖਿਆ ਸੇਵਾਵਾਂ ਦੀ ਇਕਾਈਆਂ / Family and Child Protective Services Units

SWD ਦੀ ਪਰਿਵਾਰਕ ਅਤੇ ਬਾਲ ਸੁਰੱਖਿਆ ਸੇਵਾਵਾਂ ਦੀ ਇਕਾਈਆਂ (FCPSUs) ਤਜ਼ਰਬੇਕਾਰ ਸਮਾਜ ਸੇਵਕਾਂ ਦੁਆਰਾ ਸੰਚਾਲਿਤ ਵਿਸ਼ੇਸ਼ ਇਕਾਈਆਂ ਹਨ ਜੋ ਪੀੜਤ, ਦੋਸ਼ੀਆਂ ਅਤੇ / ਜਾਂ ਬੱਚਿਆਂ ਨਾਲ ਬਦਸਲੂਕੀ ਵਾਲੇ ਪਰਿਵਾਰਾਂ ਅਤੇ ਪਤੀ-ਪਤਨੀ / ਜੀਵਨਸਾਥੀ ਦੁਆਰਾ ਮਾਰਪੀਟ ਦੇ ਮਾਮਲੇਆਂ ਦੀਆਂ ਸੇਵਾਵਾਂ ਦੀ ਇੱਕ ਲੜੀ ਪੇਸ਼ ਕਰਦੀਆਂ ਹਨ। ਮਾਮਲੇਆਂ ਦੀਆਂ ਜਰੂਰਤਾਂ ਦੇ ਅਧਾਰ ਤੇ, ਸਮਾਜ ਸੇਵਕ ਆਉਟਰੀਚਿੰਗ, ਸਮਾਜਿਕ ਜਾਂਚ, ਸੰਕਟ ਦਖਲ, ਮਾਮਲੇ-ਅਨੁਸਾਰ ਸਲਾਹ ਅਤੇ ਸਾਮੂਹਿਕ ਇਲਾਜ ਆਦਿ ਮੁਹੱਈਆ ਕਰਵਾਉਣਗੇ। ਇਹ ਅਦਾਲਤੀ ਆਦੇਸ਼ਾਂ ਅਨੁਸਾਰ ਬੱਚੇਆਂ ਨੂੰ ਕਾਨੂੰਨੀ ਦੇਖਭਾਲ ਭੀ ਪਰ੍ਦਾਨ ਕਰਦਾ ਹੈ। ਇਹਨਾਂ ਲਈ, ਜੇ ਜਰੂਰੀ ਹੋਏ ਤਾਂ ਵਿੱਤੀ ਸਹਾਇਤਾ, ਰਿਹਾਇਸ਼, ਕਾਨੂੰਨੀ ਸਹਾਇਤਾ, ਮਨੋਵਿਗਿਆਨਕ ਸੇਵਾਵਾਂ ਅਤੇ ਸਕੂਲ ਸਿੱਖਿਆ ਆਦਿ ਦਾ ਪਰ੍ਬੰਧ ਕੀਤਾ ਜਾਵੇਗਾ। ਇਸ ਤੋਂ ਇਲਾਵਾ, ਕਸਟਡੀ ਜਾਂ ਸਰਪਰ੍ਸਤੀ ਦੇ ਵਿਵਾਦਾਂ ਦੁਆਰਾ ਪਰ੍ਭਾਵਿਤ ਬੱਚਿਆਂ ਦੇ ਹਿੱਤਾਂ ਦੀ ਰੱਖਿਆ ਕਰਨ ਲਈ, FCPSUs ਅਦਾਲਤ ਦੇ ਆਦੇਸ਼ ਅਨੁਸਾਰ ਸਮਾਜਿਕ ਜਾਂਚ ਰਿਪੋਰਟਾਂ ਤਿਆਰ ਕਰਣਗੇ ਅਤੇ ਉਨਹ੍ਾਂ ਬੱਚਿਆਂ ਦੀ ਦੇਖਭਾਲ ਕਰਣਗੇ, ਜਿਨਹ੍ਾਂ ਨੂੰ ਦੇਖਭਾਲ ਦੀ ਲੋੜ ਹੈ।

The Family and Child Protective Services Units (FCPSUs) of SWD are specialised units manned by experienced social workers who render an array of services to victims, perpetrators and / or families of child maltreatment and spouse / cohabitant battering cases. Depending on the needs of the cases, social workers will provide outreaching, social investigation, crisis intervention, casework counselling and group treatment, etc. It also provides statutory supervision to children in accordance with court orders. When necessary, referrals will be made for financial assistance, housing, legal aid, psychological service and arrangement of schooling, etc. Besides, to safeguard the interest of children affected by custody or guardianship disputes, FCPSUs will, as ordered by the Court, prepare social investigation reports and supervise children who are in need of supervision.

## ਏਕੀਕਿਰ੍ਤ ਪਰਿਵਾਰ ਸੇਵਾ ਕੇਂਦਰ / Integrated Family Service Centres

SWD ਦੁਆਰਾ ਜਾਂ ਅਨੁਦਾਨ ਪਰ੍ਾਪਤ NGOs ਦੁਆਰਾ ਸੰਚਾਲਿਤ, ਏਕੀਕਿਰ੍ਤ ਪਰਿਵਾਰ ਸੇਵਾ ਕੇਂਦਰ (IFSCs) ਕਮਿਉਨਿਟੀ ਵਿਚ ਵਿਅਕਤੀਆਂ ਅਤੇ ਪਰਿਵਾਰਾਂ ਦੀਆਂ ਵਿਭਿੰਨ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਵਿਆਪਕ, ਸਮ੍ਪੁਰਨ ਅਤੇ ਇਕੱਲੇ-ਸਥਾਨ ਵਾਲੀ ਸੇਵਾਵਾਂ ਪਰ੍ਦਾਨ ਕਰਦਾ ਹੈ। ਇਸ ਵਿੱਚ ਇੱਕ ਪਰਿਵਾਰਕ ਸਰੋਤ ਇਕਾਈ, ਇੱਕ ਪਰਿਵਾਰਕ ਸਹਾਇਤਾ ਇਕਾਈ ਅਤੇ ਇੱਕ ਪਰਿਵਾਰਕ ਮਸ਼ਵਰਾ ਇਕਾਈ ਹੁੰਦੀ ਹੈ। ਸੇਵਾਵਾਂ ਦੀ ਇੱਕ ਲੜੀ ਪਰ੍ਦਾਨ ਕੀਤੀ ਜਾਂਦੀ ਹੈ ਜਿਸ ਵਿੱਚ ਪਰਿਵਾਰਕ ਜੀਵਨ ਸਿੱਖਿਆ, ਮਾਪਿਆਂ-ਬੱਚਿਆਂ ਦੀਆਂ ਗਤੀਵਿਧੀਆਂ, ਪੁਛਗਿਛ ਸੇਵਾ, ਵਾਲੰਟੀਅਰ ਸਿਖਲਾਈ, ਆਉਟਰੀਚਿੰਗ ਸੇਵਾ, ਆਪਸੀ ਸਹਾਇਤਾ ਸਮੂਹ, ਵਿਅਕਤੀਆਂ ਅਤੇ ਲੋੜਵੰਦ ਪਰਿਵਾਰਾਂ ਲਈ ਮਸ਼ਵਰਾ ਅਤੇ ਹੋਰ ਸੇਵਾਵਾਂ ਵਧੀਆਂ ਘੰਟਿਆਂ ਦੀਆਂ ਸੇਵਾਵਾਂ ਦੇ ਨਾਲ ਸ਼ਾਮਲ ਹਨ।

Integrated Family Service Centres (IFSCs), operated by SWD or subvented NGOs, provide comprehensive, holistic and one-stop services to meet the multifarious needs of individuals and families in the community. It comprises a Family Resource Unit, a Family Support Unit and a Family Counselling Unit. An array of services are provided which include family life education, parent-child activities, enquiry service, volunteer training, outreaching service, mutual support groups, counselling and referral service for individuals and families in need, etc with extended hour services.

## ਮੈਡੀਕਲ ਸੋਸ਼ਲ ਸਰਵਿਸਿਜ਼ / Medical Social Services

ਘਰੇਲੂ ਹਿੰਸਾ ਦੇ ਮਾਮਲੇ ਜਨਤਕ ਹਸਪਤਾਲਾਂ ਵਿੱਚ ਮੈਡੀਕਲ ਸਮਾਜ ਸੇਵਕਾਂ ਦੀ ਜਾਗਰੂਕਤਾ ਨਾਲ ਅਤੇ ਕੁਝ ਖਾਸ ਆਉਟ-ਪੇਸ਼ੈਂਟ ਕ੍ਲੀਨਿਕਾਂ ਵਿੱਚ ਹਸਪਤਾਲ ਦੇ ਕਰਮਚਾਰੀਆਂ, ਪੁਲਿਸ ਜਾਂ ਹੋਰ ਸੰਗਠਨਾਂ ਦੇ ਜਰਿਏ ਅਤੇ ਮਰੀਜ਼ਾਂ ਜਾਂ ਉਨਹ੍ਾਂ ਦੇ ਪਰਿਵਾਰਕ ਮੈਂਬਰਾਂ ਦੁਆਰਾ ਸਿੱਧੇ ਪਹੁੰਚ ਦੇ ਜ਼ਰੀਏ ਸਾਮਨੇ ਆ ਸਕਦੇ ਹਨ। ਮੈਡੀਕਲ ਸਮਾਜ ਸੇਵਕ ਘਰੇਲੂ ਹਿੰਸਾ ਦੇ ਪੀੜਤਾਂ ਅਤੇ ਉਨਹ੍ਾਂ ਦੇ ਪਰਿਵਾਰਕ ਮੈਂਬਰਾਂ ਦੀ ਭਲਾਈ ਦੀਆਂ ਜ਼ਰੂਰਤਾਂ ਦੇ ਅਧਾਰ ਤੇ ਸਹਾਇਤਾ ਲਈ ਮਸ਼ਵਰਾ, ਅਸਲ ਸੇਵਾਵਾਂ ਅਤੇ ਫਿਰ ਤੋਂ ਬਸਾਨ ਦੀ ਸੇਵਾਵਾਂ ਅਤੇ ਕਮਿਉਨਿਟੀ ਸਰੋਤ ਆਦਿ ਲਈ ਰੈਫਰਲ ਦਾ ਪਰ੍ਬੰਧ ਕਰਨਗੇ।

Domestic violence cases may come to the attention of medical social workers in public hospitals and some specialist out-patient clinics through hospital personnel, police or other organisations, and through direct approach by patients or their family members. The medical social workers will provide counselling, tangible services and arrange referrals for rehabilitation services and community resources and so forth to help the victims of domestic violence and their family members based on their welfare needs.

## ਪਰਿਵਾਰਕ ਹਿੰਸਾ ਦੇ ਪੀੜਤਾਂ ਲਈ ਪੀੜਤ ਸਹਾਇਤਾ ਪਰੋ੍ਗਰਾਮ / Victim Support Programme for Victims of Family Violence

ਸਮਾਜ ਸੇਵਕਾਂ ਦੇ ਸਹਿਯੋਗ ਨਾਲ, ਪੋ ਲੀਂਗ ਕੁਕ ਦੁਆਰਾ ਸੰਚਾਲਿਤ ਤਸੂਈ ਲਾਮ ਸੈਂਟਰ ਪੂਰੇ ਪਰ੍ਦੇਸ਼ ਵਿਚ ਘਰੇਲੂ ਹਿੰਸਾ ਦੇ ਪੀੜਤਾਂ ਨੂੰ ਸਹਾਇਤਾ ਸੇਵਾਵਾਂ ਪਰ੍ਦਾਨ ਕਰਦਾ ਹੈ। ਇਸਦਾ ਉਦੇਸ਼ ਕਮਿਉਨਿਟੀ ਜਾਣਕਾਰੀ ਤੋਂ ਲੈ ਕੇ, ਭਾਵਨਾਤਮਕ ਸਹਾਇਤਾ ਅਤੇ ਐਸਕੌਰਟ ਸੇਵਾ ਦੀਆਂ ਸੇਵਾਵਾਂ ਦਾ ਪੈਕੇਜ ਮੁਹੱਈਆ ਕਰਵਾ ਕੇ ਉਨਹ੍ਾਂ ਦੇ ਡਰ ਅਤੇ ਬੇਬਸੀ ਦੀ ਭਾਵਨਾ ਨੂੰ ਘਟਾਉਣਾ ਹੈ ਜਦੋਂ ਉਹ ਕਾਨੂੰਨੀ ਕਾਰਵਾਈਆਂ ਤੋਂ ਗੁਜਰ ਰਹੇ ਹਨ ਜਾਂ ਜ਼ਿੰਦਗੀ ਵਿਚ ਅਚਾਨਕ ਤਬਦੀਲੀਆਂ ਦਾ ਸਾਹਮਣਾ ਕਰ ਰਹੇ ਹਨ। ਲੋੜਵੰਦ ਲੋੱਕੀ ਸੇਵਾ ਦੇ ਹਵਾਲੇ ਲਈ ਆਪਣੇ ਸਮਾਜ ਸੇਵਕਾਂ ਕੋਲ ਜਾ ਸਕਦੇ ਹਨ।

In collaboration with social workers, the Tsui Lam Centre operated by Po Leung Kuk provides support services to victims of domestic violence throughout the territories. It aims at reducing their feeling of fear and helplessness by providing a package of services ranging from community information, emotional support and escort service when they are undergoing legal proceedings or facing sudden changes in life. Needy persons can approach their social workers for service referral.

## ਕਲੀਨਿਕਲ ਮਨੋਵਿਗਿਆਨ ਇਕਾਈ / Clinical Psychology Unit

ਜੇ ਤੁਸੀ ਭਾਵਨਾਤਮਕ ਤੌਰ ਤੇ ਬੁਰੀ ਤਰਹ੍ਾਂ ਪਰੇਸ਼ਾਨ ਹੋ, ਤਾਂ ਪਰਿਵਾਰਕ ਅਤੇ ਬਾਲ ਸੁਰੱਖਿਆ ਸੇਵਾ ਦੀ ਇਕਾਈਆਂ ਜਾਂ ਏਕੀਕਿਰ੍ਤ ਪਾਰਿਵਾਰਿਕ ਸੇਵਾ ਕੇਂਦਰਾਂ ਦੇ ਸਮਾਜ ਸੇਵਕ ਤੁਹਾਨੂੰ ਕਲੀਨਿਕਲ ਮਨੋਵਿਗਿਆਨਕ ਸੇਵਾ ਲੇਨ ਲਈ ਭੇਜ ਸਕਦੇ ਹਨ। ਕਲੀਨਿਕਲ ਮਨੋਵਿਗਿਆਨਕ ਤੁਹਾਡੀਆਂ ਜ਼ਰੂਰਤਾਂ ਦੇ ਅਧਾਰ ਤੇ ਵਿਅਕਤੀਗਤ ਜਾਂ ਗਰੁਪ ਸਾਈਕੋਥੈਰੇਪੀ ਪਰ੍ਦਾਨ ਕਰ ਸਕਦੇ ਹਨ।

If you are severely emotionally disturbed, the social workers of Family and Child Protective Services Units or the Integrated Family Service Centres can refer you to receiving clinical psychological service. The clinical psychologists will provide individual counseling or group therapy to you based on your needs.

## ਸਮਾਜਿਕ ਸੁਰੱਖਿਆ ਖੇਤਰ ਇਕਾਈਆਂ / Social Security Field Units

ਵਿਆਪਕ ਸਮਾਜਿਕ ਸੁਰੱਖਿਆ ਸਹਾਇਤਾ ਯੋਜਨਾ (CSSA) ਵਿੱਤੀ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਜ਼ਰੂਰਤਮੰਦ ਵਿਅਕਤੀ ਨੂੰ ਵਿੱਤੀ ਸਹਾਇਤਾ ਪਰ੍ਦਾਨ ਕਰ ਸਕਦੀ ਹੈ। ਯੋਗ ਬਣਨ ਲਈ, ਇੱਕ ਬਿਨੈਕਾਰ ਲਾਜ਼ਮੀ ਤੌਰ ਤੇ ਘੱਟੋ ਘੱਟ ਸੱਤ ਸਾਲਾਂ ਲਈ ਹਾਂਗ ਕਾਂਗ ਦਾ ਵਸਨੀਕ ਹੋਣਾ ਚਾਹੀਦਾ ਹੈ ਅਤੇ ਉਸ ਲਈ ਆਮਦਨੀ ਅਤੇ ਸੰਪਤੀ ਟੈਸਟ ਦੋਵਾਂ ਨੂੰ ਪਾਸ ਕਰਨਾ ਲਾਜ਼ਮੀ ਹੈ। ਅਸਾਧਾਰਣ ਸਥਿਤੀਆਂ ਵਿੱਚ, ਇੱਕ ਸਮਾਜਿਕ ਭਲਾਈ ਡਾਇਰੈਕਟਰ ਦੀ ਮਰਜ਼ੀ ਅਨੁਸਾਰ ਇੱਕ CSSA ਬਿਨੈਕਾਰ ਨੂੰ ਸਹਾਇਤਾ ਦਿੱਤੀ ਜਾ ਸਕਦੀ ਹੈ ਜੋ ਨਿਰਧਾਰਤ ਰਿਹਾਇਸ਼ੀ ਸ਼ਰਤਾਂ ਨੂੰ ਪੂਰਾ ਨਹੀਂ ਕਰਦਾ। ਜੇ ਤੁਸੀਂ CSSA ਲਈ ਅਰਜ਼ੀ ਦੇਣਾ ਚਾਹੁੰਦੇ ਹੋ, ਤਾਂ ਤੁਸੀਂ ਆਪਣੇ ਸਮਾਜ ਸੇਵਕਾਂ ਕੋਲ ਰੈਫਰਲ ਲਈ ਜਾ ਸਕਦੇ ਹੋ ਜਾਂ SWD ਦੀ ਸਮਾਜਿਕ ਸੁਰਖਿਆ ਖੇਤਰ ਇਕਾਈਆਂ ਨਾਲ ਸਮਪਰਕ ਕਰ ਸਕਦੇ ਹੋ।

The Comprehensive Social Security Assistance (CSSA) Scheme can provide financial assistance to needy person facing financial difficulties. To be eligible, an applicant must have been a Hong Kong resident for at least seven years and must pass both the income and asset tests. In exceptional circumstances, assistance may be granted at the discretion of the Director of Social Welfare to a CSSA applicant who does not satisfy the prescribed residence requirements. If you want to apply for CSSA, you may approach your social workers for a referral or approach SWD's Social Security Field Units.

## ਕਾਨੂੰਨੀ ਸਹਾਇਤਾ ਵਿਭਾਗ / Legal Aid Department

ਘਰੇਲੂ ਹਿੰਸਾ ਦੇ ਪੀੜਤ ਕਾਨੂੰਨੀ ਸਹਾਇਤਾ ਸੇਵਾ ਲਈ ਸਿਵਲ ਕਾਰਵਾਈਆਂ ਲਈ ਕਾਨੂੰਨੀ ਸਹਾਇਤਾ ਵਿਭਾਗ (LAD) ਕੋਲ ਜਾ ਸਕਦੇ ਹਨ। ਤੁਸੀ ਹਿੰਸਾ / ਗੜਬੜੀ ਨੂੰ ਰੋਕਣ ਲਈ ਨਿਸ਼ੇਧ-ਆਦੇਸ਼ ਦੇ ਹੁਕਮ ਲਈ ਅਦਾਲਤ ਵਿੱਚ ਅਰਜ਼ੀ ਦੇ ਸਕਦੇ ਹੋ ਜਾਂ ਜੇ ਚਾਹੁੰਦੇ ਹੋ ਤਾਂ ਤਲਾਕ ਦੀ ਪਹਲ ਕਰ ਸਕਦੇ ਹੋ। ਕਾਨੂੰਨੀ ਸਹਾਇਤਾ ਦੇ ਯੋਗ ਬਣਨ ਲਈ, ਤੁਹਾਨੂੰ ਸਾਧਨ ਅਤੇ ਯੋਗਤਾ ਦੋਵਾਂ ਟੈਸਟਾਂ ਨੂੰ ਪਾਸ ਕਰਨਾ ਪਵੇਗਾ। ਨਿਸ਼ੇਧ-ਆਦੇਸ਼ ਦੇ ਹੁਕਮ ਲਈ ਕਾਨੂੰਨੀ ਸਹਾਇਤਾ ਦੀ ਤੁਰੰਤ ਅਰਜ਼ੀ ਲਈ, LAD ਜਿੰਨੀ ਛੇਤੀ ਹੋ ਸਕੇ ਟੈਸਟ ਕਰਵਾਉਣ ਅਤੇ ਗਵਾਹੀ ਲੈਣ ਲਈ ਇੱਕ ਇੰਟਰਵਿਉ ਦਾ ਪਰ੍ਬੰਧ ਕਰੇਗਾ।

Victims of domestic violence may approach the Legal Aid Department (LAD) for legal aid service to institute civil proceedings. You may apply to the Court for an injunction order to stop violence / disturbances or initiate a divorce if so desired. To be eligible for legal aid, you have to satisfy both the means and merits tests. For urgent application of legal aid for an injunction order, LAD will arrange an interview as soon as possible for conducting the means test and taking of deposition.

## ਹਾਂਗਕਾਂਗ ਪੁਲਿਸ ਫੋਰਸ / Hong Kong Police Force

ਘਰੇਲੂ ਹਿੰਸਾ ਦੀਆਂ ਸਾਰੀਆਂ ਸ਼ਿਕਾਇਤਾਂ ਅਤੇ ਰਿਪੋਰਟਾਂ ਨੂੰ ਹਾਂਗਕਾਂਗ ਪੁਲਿਸ ਫੋਰਸ ਦੁਆਰਾ ਸੰਭਾਲਿਆ ਅਤੇ ਜਾਂਚਿਆ ਜਾਵੇਗਾ। ਆਮ ਹਾਲਤਾਂ ਵਿਚ, ਕਿਸੇ ਭੀ ਪੁਲਿਸ ਸਟੇਸ਼ਨ ਦੀ ਪੁਲਿਸ਼ ਹੋਟਲਾਇਨ 2527 7177 ਉੱਤੇ ਫੋਨ ਕਰਕੇ ਜਾਂ ਸਿਧੇ ਪੁਲਿਸ ਅਫਸਰ ਨੂੰ ਰਿਪੋਰਟ ਕਰਕੇ ਰਿਪੋਰਟਾਂ ਬਣਾਈਆਂ ਜਾ ਸਕਦੀਆਂ ਹਨ। ਐਮਰਜੈਂਸੀ ਦੀ ਸਥਿਤੀ ਵਿੱਚ, ਲੋੱਕੀ ਮਦਦ ਪਾਨ ਲਈ '999' ਡਾਯਲ ਕਰ ਸਕਦੇ ਹਨ। ਪੀੜਤ ਲੋਕਾਂ ਅਤੇ ਮੁਖਬਰਾਂ ਦੀ ਜਾਣਕਾਰੀ ਗੁਪਤ ਰੱਖੀ ਜਾਵੇਗੀ।

*ਅਪਰਾਧ ਆਰਡੀਨੈਂਸ (ਨਿਯਮ.200) ਅਤੇ ਵਯ੍ਕਤਿ ਦੇ ਖਿਲਾਫ਼ ਅਪਰਾਧਾਂ ਦੇ ਆਰਡੀਨੈਂਸ (ਨਿਯਮ. 212) ਦੇ ਅਨੁਸਾਰ, ਕੋਈ ਭੀ ਵਿਅਕਤੀ ਪਤੀ-ਪਤਨੀ / ਜੀਵਨ ਸਾਥੀ ਸਮੇਤ ਕਿਸੇ ਵੀ ਵਿਅਕਤੀ ਨੂੰ ਕੋਈ ਗੰਭੀਰ ਸਰੀਰਕ ਨੁਕਸਾਨ ਪਹੁੰਚਾਉਣ ਦੀ ਧਮਕੀ ਦਿੰਦਾ ਹੈ ਜਾਂ ਧਮਕਾਉਂਦਾ ਹੈ, ਉਹ ਜੁਰਮ ਲਈ ਦੋਸ਼ੀ ਹੋਵੇਗਾ ਅਤੇ ਉਸ ਨੂੰ ਕੈਦ ਦੀ ਸਜ਼ਾ ਮਿਲੇਗੀ।*

All complaints and reports of domestic violence will be handled and investigated by the Hong Kong Police Force. Under normal circumstances, reports can be made by calling any police stations, through police hotline 2527 7177, or through direct report to any police officer. In case of emergency, the public may dial '999' to seek help. Information about the victims and the informants will be kept confidential.

*According to the Crimes Ordinance (Cap.200) and the Offences Against the Person Ordinance (Cap. 212), any person who causes or threatens to cause any grievous bodily harm to any person including spouse / cohabitant, shall be guilty of an offence and shall be liable to imprisonment.*



# ਅਸਥਾਈ ਆਵਾਸ ਸੇਵਾਂਵਾਂ / Accommodation Services

## ਔਰਤਾਂ ਲਈ ਪਨਾਹ ਕੇਂਦਰ / Refuge Centres for Women

ਇਸ ਵੇਲੇ, ਹਾਂਗ ਕਾਂਗ ਵਿੱਚ ਔਰਤਾਂ ਲਈ ਹਾਰਮਨੀ ਹਾਉਸ, ਸੇਰੇਨ ਕੋਰਟ, ਵਾਈ ਆਨ ਹੋਮ ਫਾਰ ਵੂਮੈਨ, ਸਨਰਾਈਜ ਕੋਰਟ ਅਤੇ ਡਾਨ ਕੋਰਟ ਨਾਂ ਦੇ ਪੰਜ ਪਨਾਹ ਕੇਂਦਰ ਹਨ, ਜਿਹੜੇ ਘਰੇਲੂ ਹਿੰਸਾ ਜਾਂ ਪਰਿਵਾਰਕ ਸੰਕਟ ਦਾ ਸਾਹਮਣਾ ਕਰਨ ਵਾਲੀਆਂ ਔਰਤਾਂ ਅੱਤੇ ਉਹਨਾਂ ਦੇ ਬਚ੍ਚੇਆਂ ਨੂੰ ਅਸਥਾਈ ਰਿਹਾਇਸ਼ ਅਤੇ ਸਹਾਇਤਾ ਸੇਵਾਵਾਂ ਪਰ੍ਦਾਨ ਕਰਦੇ ਹਨ। ਸੇਵਾ ਦੀ ਜਰੂਰਤਮੰਦ ਔਰਤਾਂ ਲਈ, ਜਾਂ ਤਾਂ ਸਮਾਜ ਸੇਵਕ, ਪੁਲਿਸ ਜਾਂ ਹਸਪਤਾਲਾਂ ਦੇ ਹਵਾਲਿਆਂ ਦੁਆਰਾ ਜਾਂ ਸਿੱਧੇ ਅਰਜ਼ੀ ਦੇ ਜ਼ਰੀਏ ਚੌਵੀ ਘੰਟੇ ਦਾਖਲਾ ਸਵੀਕਾਰਿਆ ਜਾਂਦਾ ਹੈ। ਪਨਾਹ ਕੇਂਦਰਾਂ ਦੇ ਪਤੇ ਗੁਪਤ ਰੱਖੇ ਜਾਂਦੇ ਹਨ।

Currently, there are five refuge centres for women in Hong Kong, namely Harmony House, Serene Court, Wai On Home for Women, Sunrise Court and Dawn Court, providing temporary accommodation and support services to women and their children at risk of domestic violence or facing family crisis. For women in need of the service, round-the-clock admission is accepted either through referrals from social workers, the police or hospitals or through direct application. The addresses of the refuge centres are kept confidential.

## ਬਹੁ-ਉਦੇਸ਼ ਸੰਕਟ ਦਖਲ ਅਤੇ ਸਹਾਇਤਾ ਕੇਂਦਰ (CEASE ਆਪਦਾ ਕੇਂਦਰ) / Multi-purpose Crisis Intervention and Support Centre (CEASE Crisis Centre)

CEASE ਤੁੰਗ ਵਾਹ ਗਰੁਪ ਹੋਸਪਿਟਲ ਦੁਆਰਾ ਸੰਚਾਲਤ ਆਪਦਾ ਕੇਂਦਰ, ਜਿਨਸੀ ਹਿੰਸਾ ਦੇ ਪੀੜਤ ਬਾਲਗਾਂ ਅਤੇ ਘਰੇਲੂ ਹਿੰਸਾ ਦਾ ਸਾਮਨਾ ਕਰਨ ਵਾਲੇ ਜਾਂ ਸੰਕਟ ਨਾਲ ਗਰ੍ਸਤ ਵਿਅਕਤੀਆਂ / ਪਰਿਵਾਰਾਂ (ਲਿੰਗ ਪੱਖਪਾਤ ਤੋਂ ਬਿਨਾਂ) ਲਈ ਵਿਆਪਕ ਸਹਾਇਤਾ ਸੇਵਾਵਾਂ ਪਰ੍ਦਾਨ ਕਰਦਾ ਹੈ। ਪਰ੍ਦਾਨ ਕਿੱਤੀ ਜਾਣ ਵਾਲੀ ਸੇਵਾਂਵਾਂ ਵਿੱਚ 24-ਘੰਟੇ ਦੀ ਹੋਟਲਾਇਨ, ਸੰਕਟ ਦਖਲ / ਜਿਨਸੀ ਹਿੰਸਾ ਦੇ ਪੀੜਤ ਬਾਲਗਾਂ ਅੱਤੇ ਬੁਜ਼ੁਰਗਾਂ ਨਾਲ ਦੁਰਵਿਵਹਾਰ ਦੇ ਪੀੜਤਾਂ ਲਈ ਤੁਰੰਤ ਆਉਟਰੀਚਿੰਗ ਸੇਵਾ, ਹੋਰ ਜ਼ਰੂਰੀ ਸੇਵਾਵਾਂ ਸ਼ਾਮਲ ਹਨ ਅਤੇ ਉਨਹ੍ਾਂ ਪੀੜਤਾਂ ਲਈ ਜਾਂ ਦੁਖੀ ਵਯ੍ਕਤਿ / ਪਰਿਵਾਰਾਂ ਲਈ ਥੋੜਹ੍ੇ ਸਮੇਂ ਦੀ ਰਿਹਾਇਸ਼ ਦੀ ਸਿਫਾਰਸ਼ ਕੀਤੀ ਜਾਂਉਦੀ ਹੈ, ਉਹਨਾਂ ਲਈ ਜਿਹੜੇ ਅਸਥਾਈ ਤੌਰ ਤੇ ਘਰ ਵਾਪਸੀ ਦੇ ਯੋਗ ਨਹੀਂ ਹਨ।

The CEASE Crisis Centre operated by the Tung Wah Group of Hospitals, provides comprehensive support services to adult victims of sexual violence and individuals / families (regardless of genders) facing domestic violence or in crisis. Services provided include a 24-hour hotline, crisis intervention / immediate outreaching service for adult victims of sexual violence and elder abuse, referrals to other necessary services and short-term accommodation for those victims who are temporarily not suitable to return home or those individuals / families in crisis.

## ਪਰਿਵਾਰਕ ਸੰਕਟ ਸਹਾਇਤਾ ਕੇਂਦਰ / Family Crisis Support Centre

ਕੈਰੀਟ੍ਸ- ਹਾਂਗਕਾਂਗ ਦੁਆਰਾ ਸੰਚਾਲਿਤ ਪਰਿਵਾਰਕ ਸੰਕਟ ਸਹਾਇਤਾ ਕੇਂਦਰ (FCSC) ਦਾ ਮਕਸਦ ਸੰਕਟ ਜਾਂ ਮੁਸੀਬਤ ਵਿੱਚ ਪਰਿਵਾਰ ਦੇ ਲੋਕਾਂ ਜਾਂ ਪਰਿਵਾਰਾਂ ਦੀ ਸਹਾਇਤਾ ਲਈ ਏਕੀਕਿਰ੍ਤ ਅਤੇ ਸੁਲਭ ਸਰਵਿਸਿਜ਼ ਦਾ ਇੱਕ ਪੈਕੇਜ ਪਰ੍ਦਾਨ ਕਰਕੇ ਸ਼ੁਰੂਆਤੀ ਸਥਿਤੀ ਵਿੱਚ ਪਰਿਵਾਰਕ ਸੰਕਟ ਤੋਂ ਨਿਪਟਣਾ ਹੈ। ਪਰ੍ਦਾਨ ਕਿੱਤੀ ਗਈ ਸੇਵਾਵਾਂ ਵਿੱਚ 24-ਘੰਟੇ ਦੀ ਹੋਟਲਾਇਨ ਸੇਵਾ, ਰਾਤਿ ਲਈ ਆਵਾਸ, ਅਸਥਾਈ ਨਿਵਾਸ ਅਤੇ ਹੋਰ ਸਹਾਇਤਾ ਸੇਵਾਂਵਾਂ ਦੇ ਨਾਲ ਥੋੜੇ ਵਕਤ ਲਈ ਇਮਰਜੈਂਸੀ ਦਖਲੰਦਾਜ਼ੀ ਸ਼ਾਮਿਲ ਹੈ। FCSC ਤੁਹਾਡੀ ਸੀਧੀ ਪਹੁੰਚ ਜਾਂ ਸਾਮਾਜਿਕ ਸੇਵਾ ਸੰਗਠਨਾ ਦੇ ਸੰਧਰਭ ਨੂੰ ਸਵੀਕਾਰ ਕਰਦਾ ਹੈ।

The Family Crisis Support Centre (FCSC) operated by the Caritas-Hong Kong, aims at tackling family crisis at an early stage by providing a package of integrated and easily accessible services to assist individuals or families in crisis or distress. Services provided include a 24-hour hotline service, short-term emergency intervention with overnight accommodation, temporary retreat and other support services. FCSC accepts your direct application or referral made by social service organisations.

## ਭਾਵਨਾਤਮਕ ਸਥਾਨ-ਪਰਿਵਰਤਨ / Compassionate Rehousing

ਸਥਾਨ ਪਰਿਵਰਤਨ ਸਹਾਇਤਾ ਦਾ ਇੱਕ ਰੂਪ ਹੈ ਜਿਸਦਾ ਮਕਸਦ ਉਹਨਾਂ ਵਿਅਕਤੀਆਂ ਅਤੇ ਪਰਿਵਾਰਾਂ ਨੂੰ ਸਹਾਇਤਾ ਪਰ੍ਦਾਨ ਕਰਨਾ ਹੈ, ਜਿਨਹ੍ਾਂ ਕੋਲ ਅਸਲ ਅਤੇ ਸਬ ਤੋਂ ਨਜਦੀਕੀ ਲੰਬੇ ਸਮੇਂ ਦੀ ਰਿਹਾਇਸ਼ੀ ਜ਼ਰੂਰਤਾਂ ਹਨ, ਹਾਲਾਂਕਿ, ਖਾਸ ਸਥਿਤੀਆਂ ਅਧੀਨ ਉਹਨਾਂ ਦੀਆਂ ਸਮਾਜਿਕ ਅਤੇ ਡਾਕਟਰੀ ਜ਼ਰੂਰਤਾਂ (ਜੇ ਲਾਗੂ ਹੋਵੇ) ਦੇ ਕਾਰਨ, ਉਨਹ੍ਾਂ ਦੀਆਂ ਰਿਹਾਇਸ਼ੀ ਸਮੱਸਿਆਵਾਂ ਨੂੰ ਹੱਲ ਕਰਨ ਲਈ ਕੋਈ ਮੁਮਕਿਨ ਸਾਧਨ ਨਹੀਂ ਹੈ। ਯੋਗ ਮਾਮਲੇਆਂ ਨੂੰ ਜਨਤਕ ਕਿਰਾਏ ਦੀਆਂ ਆਵਾਸ ਇਕਾਈਆਂ ਵਿਚ ਸ਼ਰਤ ਨਾਲ ਕਿਰਾਏਦਾਰਾਂ ਵਜੋਂ ਅਸਥਾਈ ਰਿਹਾਇਸ਼ ਮਿਲੇਗੀ, ਜਦੋਂਕਿ ਉਹ ਉਨਹ੍ਾਂ ਦੇ ਤਲਾਕ ਦੀ ਅਰਜ਼ੀ ਤੇ ਅਦਾਲਤ ਦੇ ਫੈਸਲਿਆਂ ਦੀ ਉਡੀਕ ਕਰ ਰਹੇ ਹੋਣ। ਸ਼ਿਕਾਇਤਕਰਤਾ ਨੂੰ ਆਮਦਨੀ ਅਤੇ ਜਾਇਦਾਦ ਦੋਵੇਂ ਟੈਸਟ ਪਾਸ ਕਰਨੇ ਪੈਣਗੇ। ਜੋ ਲੋੱਕੀ ਸੇਵਾ ਦੀ ਜ਼ਰੂਰਤ ਰੱਖਦੇ ਹਨ ਉਹ ਪੁੱਛਗਿੱਛ ਲਈ ਸਮਾਜ ਸੇਵਕਾਂ ਨਾਲ ਸੰਪਰਕ ਕਰ ਸਕਦੇ ਹਨ।

Compassionate Rehousing is a form of housing assistance, which aims at providing assistance to individuals and families who have genuine and imminent long-term housing needs but, owing to their social and medical needs (if applicable) under specific circumstances, have no other feasible means to solve their housing problems. Eligible cases will receive temporary accommodation in public rental housing units in the form of conditional tenancy, while awaiting the court decision on their divorce applications. The client must pass both the income and asset tests. People in need of the service may approach the social workers for enquiries.